ਫੌਰੀ ਰਿਲੀਜ਼ ਲਈ

## ਰੇਡੌਨ ਗੈਸ ਦੇ ਖ਼ਤਰੇ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਕੈਨੇਡਾ ਦੇ ਲੋਕਾਂ ਨੂੰ ਮਿਲੇਗੀ ਵਿੱਤੀ ਰਾਹਤ

**ਨੈਸ਼ਨਲ** (16 ਨਵੰਬਰ 2022): ਦੇਸ਼ ਭਰ ਦੇ ਮਕਾਨਮਾਲਕ ਆਪਣੇ ਘਰਾਂ ਵਿੱਚ ਰੇਡੌਨ ਨੂੰ ਘੱਟ ਕਰਨ ਦੀ ਲਾਗਤ ਦੀ ਭਰਪਾਈ ਲਈ ਸਹਾਇਤਾ ਦੀ ਮੰਗ ਕਰ ਰਹੇ ਹਨ। ਆਖਿਰਕਾਰ, ਕੁਝ ਪ੍ਰਾਂਤ ਅਤੇ ਖੇਤਰ ਗ੍ਰਾਂਟਾਂ ਪੇਸ਼ ਕਰ ਰਹੇ ਹਨ ਜੋ ਪਰਿਵਾਰਾਂ ਲਈ ਰੇਡੌਨ ਘੱਟ ਕਰਨ ਦੀਆਂ ਲਾਗਤਾਂ ਦੀ ਭਰਪਾਈ ਕਰਨ ਵਿੱਚ ਮਦਦ ਕਰਦੀਆਂ ਹਨ।

ਰੇਡੌਨ ਗੈਸ ਕੈਨੇਡਾ ਵਿੱਚ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

“ਜਿਹੜੇ ਲੋਕ ਸਿਗਰਟਨੋਸ਼ੀ ਨਹੀਂ ਕਰਦੇ ਉਨ੍ਹਾਂ ਨੂੰ ਫੇਫੜਿਆਂ ਦਾ ਕੈਂਸਰ ਹੋਣ ਦਾ ਇੱਕ ਮੁੱਖ ਕਾਰਨ ਰੇਡੌਨ ਗੈਸ ਹੈ, ਅਤੇ ਜੇਕਰ ਤੁਸੀਂ ਸਿਗਰਟ ਪੀਂਦੇ ਹੋ ਤਾਂ ਇਹ ਦੋਵੇਂ ਚੀਜ਼ਾਂ ਮਿਲ ਕੇ ਖ਼ਤਰੇ ਨੂੰ ਹੋਰ ਵੀ ਵਧਾ ਦਿੰਦੀਆਂ ਹਨ। ਤੁਹਾਡੇ ਘਰ ਵਿੱਚ ਰੇਡੌਨ ਦੇ ਉੱਚ ਪੱਧਰ ਹਨ ਜਾਂ ਨਹੀਂ, ਇਸ ਪਤਾ ਕਰਨ ਦਾ ਇੱਕੋ ਇੱਕ ਤਰੀਕਾ, ਟੈਸਟ ਕਰਨਾ ਹੈ। ਕੈਨੇਡੀਅਨ ਕੈਂਸਰ ਸੋਸਾਇਟੀ ਦੇ ਕੈਂਸਰ ਰੋਕਥਾਮ ਦੇ ਸੀਨੀਅਰ ਮਾਹਰ ਲਿਨ ਮੁਰਾਦ ਨੇ ਕਿਹਾ, "ਅਸੀਂ ਕੈਨੇਡਾ ਦੇ ਲੋਕਾਂ ਨੂੰ ਤਾਕੀਦ ਕਰਨ ਰਹੇ ਹਾਂ ਕਿ ਜਿੰਨੀ ਜਲਦੀ ਹੋ ਸਕੇ ਆਪਣੇ ਘਰਾਂ ਵਿੱਚ ਰੇਡੌਨ ਲਈ ਟੈਸਟ ਕੀਤੇ ਜਾਣ ਅਤੇ ਲੋੜ ਪੈਣ ’ਤੇ ਪੱਧਰ ਘਟਾਉਣ ਲਈ ਕਾਰਵਾਈ ਕੀਤੀ ਜਾਵੇ।"

ਟੈਸਟ ਕਰਨਾ ਮਹੱਤਵਪੂਰਨ ਹੈ ਕਿਉਂਕਿ ਰੇਡੌਨ ਇੱਕ ਰੰਗ ਰਹਿਤ, ਗੰਧ ਰਹਿਤ ਅਤੇ ਸਵਾਦ ਰਹਿਤ ਗੈਸ ਹੈ, ਪਰ ਰੋਕਥਾਮ ਲਈ ਪਹਿਲਾ ਕਦਮ ਜਾਂਚ ਕਰਨਾ ਹੈ। ਜੇਕਰ ਕਿਸੇ ਘਰ ਦਾ ਟੈਸਟ 200 Bq/m3 ਤੋਂ ਵੱਧ ਆਉਂਦਾ ਹੈ ਤਾਂ ਫੈਡਰਲ ਸਰਕਾਰ ਰੇਡੌਨ ਮਿਟੀਗੇਸ਼ਨ ਸਿਸਟਮ ਸਥਾਪਤ ਕਰਨ ਦੀ ਸਿਫ਼ਾਰਸ਼ ਕਰਦੀ ਹੈ।

SFU ਵਿਖੇ ਸਿਹਤ ਵਿਗਿਆਨ ਦੀ ਐਸੋਸੀਏਟ ਪ੍ਰੋਫੈਸਰ ਡਾ. ਐਨੀ-ਮੈਰੀ ਨਿਕੋਲ ਨੇ ਕਿਹਾ, "ਰੇਡੌਨ ਲਈ ਟੈਸਟ ਕਰਨਾ ਸਸਤਾ ਹੈ ਅਤੇ ਇਸਨੂੰ ਕਰਨਾ ਆਸਾਨ ਹੈ, ਹਾਲਾਂਕਿ ਰੇਡੌਨ ਨੂੰ ਘਟਾਉਣਾ ਅਸਲ ਵਿੱਚ ਕੈਂਸਰ ਦੇ ਜੋਖਮ ਨੂੰ ਘਟਾਉਂਦਾ ਹੈ। ਕੋਈ ਵੀ ਚੀਜ਼ ਜੋ ਇਸਨੂੰ ਘਟਾਉਂਦੀ ਹੋਵੇ ਉਹ ਸਹੀ ਦਿਸ਼ਾ ਵੱਲ ਪੁੱਟਿਆ ਕਦਮ ਹੈ।"

ਰੇਡੌਨ ਦੇ ਪੱਧਰ ਨੂੰ ਘਟਾਉਣ ਲਈ ਰੇਡੌਨ ਮਿਟਗੇਸ਼ਨ ਸਿਸਟਮ ਬਹੁਤ ਪ੍ਰਭਾਵਸ਼ਾਲੀ ਹੁੰਦੇ ਹਨ। ਜਦੋਂ ਇਸ ਸਿਸਟਮ ਕਿਸੇ C-NRPP ਪੇਸ਼ੇਵਰ ਦੁਆਰਾ ਲਗਾਇਆ ਜਾਂਦਾ ਹੈ ਤਾਂ ਉਸ ਘਰ ਲਈ ਸਹੀ ਆਕਾਰ ਦਾ ਹੁੰਦਾ ਹੈ ਅਤੇ ਊਰਜਾ ਕੁਸ਼ਲ ਵੀ। ਇਸਨੂੰ ਲਗਾਉਣਾ ਸਰਲ ਹੈ ਅਤੇ ਆਮ ਤੌਰ ’ਤੇ ਇੱਕ ਦਿਨ ਵਿੱਚ ਲੱਗ ਜਾਂਦਾ ਹੈ। ਹਾਲਾਂਕਿ, ਇਸਦਾ ਖ਼ਰਚਾ ਥੋੜ੍ਹਾ ਜ਼ਿਆਦਾ ਹੋ ਸਕਦਾ ਹੈ। ਦੇਸ਼ ਭਰ ਵਿੱਚ ਕੀਤੀ ਖੋਜ ਦੇ ਅਨੁਸਾਰ, ਔਸਤ ਇੰਸਟਾਲੇਸ਼ਨ ਲਾਗਤ ਲਗਭਗ $3,000 ਹੈ।

ਉੱਚ ਰੇਡੌਨ ਪੱਧਰਾਂ ਵਾਲੇ ਲੋਕਾਂ ਲਈ ਇਹ ਉਮੀਦ ਦੀਆਂ ਕਿਰਨਾਂ ਹਨ, ਕਿਉਂਕਿ ਲੰਬੇ ਸਮੇਂ ਤੋਂ ਉਡੀਕੀਆਂ ਜਾ ਰਹੀਆਂ ਫੰਡਿੰਗ ਪਹਿਲਕਦਮੀਆਂ ਹੁਣ ਸਾਡੇ ਸਾਹਮਣੇ ਹਨ। ਰੇਡੌਨ ਘਟਾਉਣ ਦੀ ਲਾਗਤ ਦੀ ਭਰਪਾਈ ਕਰਨ ਲਈ ਗ੍ਰਾਂਟਾਂ ਹੁਣ ਉਪਲਬਧ ਹਨ ਅਤੇ ਹੈਲਥ ਕੈਨੇਡਾ ਨੇ ਹਾਲ ਹੀ ਵਿੱਚ ਰੇਡੌਨ ਐਕਸ਼ਨ ਗਾਈਡਾਂ ਨੂੰ ਜਾਰੀ ਕੀਤਾ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਸਰਕਾਰੀ ਪ੍ਰੋਗਰਾਮਿੰਗ ਦੁਆਰਾ ਨਵੀਆਂ ਗ੍ਰਾਂਟਾਂ ਅਤੇ ਸਹਾਇਤਾ ਕਿਵੇਂ ਪ੍ਰਦਾਨ ਕੀਤੀ ਜਾ ਸਕਦੀ ਹੈ।

ਲੰਗ ਐਸੋਸੀਏਸ਼ਨ, ਮੈਨੀਟੋਬਾ ਇਸਨੂੰ ਘਟਾਉਣ ਲਈ ਘੱਟ ਤੋਂ ਦਰਮਿਆਨੀ ਆਮਦਨੀ ਵਾਲੇ ਪਰਿਵਾਰਾਂ ਅਤੇ ਫੇਫੜਿਆਂ ਦੇ ਕੈਂਸਰ ਨਾਲ ਲੜ ਰਹੇ ਲੋਕਾਂ ਲਈ ਆਪਣੇ ਲੰਗਜ਼ ਮੈਟਰ ਪ੍ਰੋਗਰਾਮ ਤਹਿਤ $1,500 ਤੱਕ ਦੀ ਪੇਸ਼ਕਸ਼ ਕਰਦਾ ਹੈ, ਇਹ ਦਿ ਐਕਸ਼ਨ ਆਨ ਰੇਡੌਨ ਪਹਿਲਕਦਮੀ ਦੁਆਰਾ ਫੰਡ ਕੀਤਾ ਜਾਂਦਾ ਹੈ। ਮੈਨੀਟੋਬਾ ਵਿੱਚ ਇਹ ਵਿਸ਼ੇਸ਼ ਤੌਰ ’ਤੇ ਸਵਾਗਤਯੋਗ ਹੈ ਕਿਉਂਕਿ ਨਿਵਾਸੀ 1990 ਦੇ ਦਹਾਕੇ ਦੇ ਸ਼ੁਰੂ ਤੋਂ ਜਾਣਦੇ ਹਨ ਕਿ ਇਸ ਪ੍ਰਾਂਤ ਵਿੱਚ ਕੈਨੇਡਾ ਦਾ ਸਭ ਤੋਂ ਉੱਚ ਰੇਡੌਨ ਪੱਧਰ ਹੈ।

"ਮੈਂ ਮੈਨੂੰ ਮਿਲੀ ਇਸ ਗ੍ਰਾਂਟ ਲਈ ਸ਼ੁਕਰਗੁਜ਼ਾਰ ਹਾਂ, ਕਾਸ਼ ਕਿ ਮੈਂ ਕਈ ਸਾਲ ਪਹਿਲਾਂ ਰੇਡੌਨ ਬਾਰੇ ਹੋਰ ਜਾਣਦੀ ਹੁੰਦਾ ਤਾਂ ਜੋ ਇਸਨੂੰ ਘੱਟ ਕਰਕੇ ਮੇਰੇ ਫੇਫੜਿਆਂ ਦੇ ਕੈਂਸਰ ਨੂੰ ਰੋਕਿਆ ਜਾ ਸਕਦਾ।" ਕੋਰੀ ਹੈਸਲਬੈਕ, ਲੰਗਜ਼ ਮੈਟਰ ਗ੍ਰਾਂਟ ਪ੍ਰਾਪਤਕਰਤਾ ਜੋ ਫ਼ਿਲਹਾਲ ਫੇਫੜਿਆਂ ਦੇ ਕੈਂਸਰ ਦੇ ਪੜਾਅ 4 ਨਾਲ ਜੂਝ ਰਹੀ ਹੈ।

ਕੈਨੇਡੀਅਨ ਐਸੋਸੀਏਸ਼ਨ ਆਫ ਰੇਡੌਨ ਸਾਇੰਟਿਸਟਸ ਐਂਡ ਟੈਕਨੋਲੋਜਿਸਟਸ ਦੇ ਕਾਰਜਕਾਰੀ ਨਿਰਦੇਸ਼ਕ ਪੈਮ ਵਾਰਕੈਂਟਿਨ ਨੇ ਕਿਹਾ, "ਇਹ ਇੱਕ ਚੰਗਾ ਸ਼ੁਰੂਆਤੀ ਕਦਮ ਹੈ ਅਤੇ ਸਥਾਈ ਤਬਦੀਲੀ ਲਿਆਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਪ੍ਰੋਗਰਾਮ ਇੱਕ ਅਜਿਹਾ ਮਾਡਲ ਵੀ ਪ੍ਰਦਾਨ ਕਰਦਾ ਹੈ ਜਿਸ ਨੂੰ ਅਪਣਾ ਕੇ ਹੋਰ ਪ੍ਰਾਂਤ ਅਤੇ ਲੋਕ ਆਸਾਨੀ ਨਾਲ ਸਿਸਟਮ ਸਥਾਪਤ ਕਰ ਸਕਦੇ ਹਨ।"

ਸਸਕੈਚਵਨ ਲੰਗ ਆਪਣੇ ਕੇਅਰਿੰਗ ਬ੍ਰੀਥਸ ਫਾਈਨੈਂਸ਼ੀਅਲ ਅਸਿਸਟੈਂਸ ਪ੍ਰੋਗਰਾਮ ਦੁਆਰਾ ਰੇਡੌਨ ਘਟਾਉਣ ਦੇ ਖਰਚਿਆਂ ਲਈ ਵੱਧ ਤੋਂ ਵੱਧ $1,000 ਦੀ ਅਦਾਇਗੀ ਪ੍ਰਦਾਨ ਕਰਦਾ ਹੈ, ਇੱਕ ਨਵਾਂ ਪ੍ਰੋਗਰਾਮ ਜੋ ਮਹਾਮਾਰੀ ਦੇ ਦੌਰਾਨ ਉਪਲਬਧ ਹੋਇਆ ਸੀ। ਬ੍ਰਿਟਿਸ਼ ਕੋਲੰਬੀਆ ਵਿੱਚ, ਸੈਂਟਰਲ ਓਕਾਨਾਗਨ ਦੇ ਖੇਤਰੀ ਜ਼ਿਲ੍ਹੇ ਨੇ ਇੱਕ ਪਾਇਲਟ ਪ੍ਰੋਗਰਾਮ ਦੁਆਰਾ ਆਪਣੇ ਖੇਤਰ ਵਿੱਚ $500 ਗ੍ਰਾਂਟ ਦਿੱਤੀ ਸੀ। "ਕੁੱਝ ਓਕਾਨਾਗਨ ਘਰਾਂ ਵਿੱਚ ਉੱਚ ਰੇਡੌਨ ਗੈਸ ਦੇ ਪੱਧਰਾਂ ਦੀ ਪੁਸ਼ਟੀ ਕਰਨ ਤੋਂ ਬਾਅਦ, ਅਸੀਂ ਉਹਨਾਂ ਵਸਨੀਕਾਂ ਦੀ ਮਦਦ ਕਰਨ ਲਈ ਟੇਕ ਐਕਸ਼ਨ ਆਨ ਰੇਡੌਨ ਨਾਲ ਭਾਈਵਾਲੀ ਕੀਤੀ ਜਿਨ੍ਹਾਂ ਨੇ ਆਪਣੇ ਘਰ ਵਿੱਚ ਬਦਲਾਅ ਕਰਨਾ ਚੁਣਿਆ ਹੈ।" ਨੈਨਸੀ ਮੋਰਾ ਕਾਸਟਰੋ, ਕੇਂਦਰੀ ਓਕਾਨਾਗਨ ਏਅਰ ਕੁਆਲਿਟੀ ਪ੍ਰੋਗਰਾਮ ਕੋਆਰਡੀਨੇਟਰ।

ਓਨਟਾਰੀਓ ਦੀ ਥੋੜ੍ਹੀ ਵੱਖਰੀ ਪਹੁੰਚ ਹੈ ਜੋ ਨਵੇਂ ਘਰ ਖਰੀਦਦਾਰਾਂ ਲਈ ਰੇਡੌਨ ਮਿਟੀਗੇਸ਼ਨ ਸਿਸਟਮ ਦੀ ਪੂਰੀ ਲਾਗਤ ਨੂੰ ਕਵਰ ਕਰਦੀ ਹੈ। ਟੈਰੀਅਨ ਵਾਰੰਟੀ ਉਸਾਰੀ ਦੇ ਪਹਿਲੇ 7 ਸਾਲਾਂ ਦੇ ਅੰਦਰ ਸਾਰੇ ਨਵੇਂ ਘਰਾਂ ਲਈ ਕਵਰੇਜ ਪ੍ਰਦਾਨ ਕਰਦੀ ਹੈ। ਓਨਟਾਰੀਓ ਵਿੱਚ ਮਿਲ ਰਹੀ ਘਰ ਦੀ ਟੈਸਟਿੰਗ ਦੀ ਸਹੂਲਤ ਦਾ ਸਾਰੇ ਨਵੇਂ ਖਰੀਦਦਾਰਾਂ ਨੂੰ ਲਾਭ ਲੈਣਾ ਚਾਹੀਦਾ ਹੈ। ਵਾਰੰਟੀ ਸਾਰੇ ਖਰਚਿਆਂ ਨੂੰ ਕਵਰ ਕਰਦੀ ਹੈ, ਘਰ ਦੇ ਮਾਲਕਾਂ ਨੂੰ ਸਿਰਫ਼ C-NRPP ਮਾਪ ਪ੍ਰੋਫੈਸ਼ਨਲ ਦੀਆਂ ਸੇਵਾਵਾਂ ਲੈ ਕੇ ਜਾਂ C-NRPP ਦੁਆਰਾ ਪ੍ਰਮਾਣਿਤ ਲੈਬ ਤੋਂ ਰੇਡੌਨ ਟੈਸਟਿੰਗ ਕਿੱਟ ਦੀ ਵਰਤੋਂ ਕਰਕੇ ਲੰਬੇ ਸਮੇਂ ਦੇ ਟੈਸਟ ਦੀ ਵਰਤੋਂ ਕਰਦੇ ਹੋਏ ਰੇਡੌਨ ਦੀ ਟੈਸਟ ਰਿਪੋਰਟ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

ਏਰਿਨ ਕਰੀ, ਜੋ ਕਿ ਟੇਕ ਐਕਸ਼ਨ ਆਨ ਰੇਡੌਨ ਦੇ ਇੱਕ ਕਮਿਊਨਿਟੀ ਟੈਸਟਿੰਗ ਪ੍ਰੋਗਰਾਮ - 100 ਰੇਡੌਨ ਟੈਸਟ ਕਿਟ ਚੈਲੇਂਜ ਦਾ ਪ੍ਰਚਾਰ ਕਰਦੀ ਹੈ, ਦਾ ਕਹਿਣਾ ਹੈ ਕਿ "ਪਿਛਲੇ ਪੰਜ ਸਾਲਾਂ ਤੋਂ, ਅਸੀਂ ਕੈਨੇਡਾ ਭਰ ਦੀਆਂ ਕਮਿਊਨਿਟੀਆਂ ਵਿੱਚ ਲੋਕਾਂ ਨੂੰ ਆਪਣੇ ਘਰਾਂ ਦਾ ਟੈਸਟ ਕਰਨ ਵਿੱਚ ਮਦਦ ਕੀਤੀ ਹੈ। ਲੋਕ ਇਹ ਸਵਾਲ ਸਭ ਤੋਂ ਪਹਿਲਾਂ ਪੁੱਛਦੇ ਹਨ ਕਿ ਰੇਡੌਨ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਕਿਹੜੀ ਸਹਾਇਤਾ ਉਪਲਬਧ ਹੈ? ਹੁਣ ਫੰਡਿੰਗ ਸਰੋਤਾਂ ਬਾਰੇ ਜਾਣਕਾਰੀ ਦੇ ਪਾਣ ਨਾਲ ਬਹੁਤ ਵਧੀਆ ਮਹਿਸੂਸ ਹੁੰਦਾ ਹੈ। ਅਸੀਂ ਇਸ ਫਾਲ ਵਿੱਚ ਮੈਨੀਟੋਬਾ ਦੀਆਂ ਤਿੰਨ ਕਮਿਊਨਿਟੀਆਂ ਨਾਲ ਕੰਮ ਕਰ ਰਹੇ ਹਾਂ, ਅਤੇ ਸਾਨੂੰ ਵਿਸ਼ਵਾਸ ਹੈ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਘਰ ਠੀਕ ਕਰਨੇ ਹਨ, ਉਹ ਜਲਦੀ ਹੀ ਅਜਿਹਾ ਕਰਨ ਵਿੱਚ ਕਾਮਯਾਬ ਹੋਣਗੇ।

**ਟੇਕ ਐਕਸ਼ਨ ਆਨ ਰੇਡੌਨ ਬਾਰੇ**

ਟੇਕ ਐਕਸ਼ਨ ਆਨ ਰੇਡੌਨ ਇੱਕ ਰਾਸ਼ਟਰੀ ਪਹਿਲਕਦਮੀ ਹੈ ਜੋ ਰੇਡੌਨ ਹਿੱਸੇਦਾਰਾਂ ਨੂੰ ਇਕੱਜੁੱਟ ਕਰਨ ਅਤੇ ਕਨੈਡਾ ਵਿੱਚ ਰੇਡੌਨ ਸਬੰਧੀ ਜਾਗਰੂਕਤਾ ਫੈਲਾਉਣ ਲਈ ਕੰਮ ਕਰਦੀ ਹੈ। ਇਸ ਪਹਿਲਕਦਮੀ ਦੀ ਅਗਵਾਈ ਕੈਨੇਡੀਅਨ ਐਸੋਸੀਏਸ਼ਨ ਆਫ਼ ਰੇਡੌਨ ਸਾਈਂਟਿਸਟਸ ਐਂਡ ਟੈਕਨੋਲੋਜਿਸਟਸ (CARST) ਅਤੇ ਕੈਨੇਡੀਅਨ ਕੈਂਸਰ ਸੁਸਾਇਟੀ ਦੁਆਰਾ ਕੀਤੀ ਗਈ ਹੈ।

ਦਿ ਲੰਗ ਐਸੋਸੀਏਸ਼ਨ, ਮੈਨੀਟੋਬਾ ਲੰਗਜ਼ ਮੈਟਰ ਪ੍ਰੋਗਰਾਮ: https://mb.lung.ca/radon/lungs-matter---radon-mitigation-community-grant-program.html

ਰੇਡੌਨ ਬਾਰੇ ਅਤੇ ਆਪਣੇ ਘਰ ਦੇ ਟੈਸਟ ਬਾਰੇ ਵਧੇਰੇ ਜਾਣਕਾਰੀ ਲਈ, ਵਿਜ਼ਿਟ ਕਰੋ: TakeActionOnRadon.ca

ਕਿਸੇ ਪ੍ਰਤੀਨਿਧੀ ਨਾਲ ਇੱਕ ਇੰਟਰਵਿਊ ਸ਼ੈਡਿਊਲ ਕਰਨ ਲਈ, ਕਿਰਪਾ ਕਰਕੇ ਸੰਪਰਕ ਕਰੋ: ਪਾਮ ਵਾਰੀਕੇਟਿਨ, p_warkentin@carst.ca; ਫ਼ੋਨ:204-798-9649

ਇਸ ਪ੍ਰੈਸ ਰਿਲੀਜ਼ ਵਰਤੀਆਂ ਗਈਆਂ ਫੋਟੋਆਂ, ਤੁਸੀਂ ਇੱਥੋਂ ਮੁਫਤ ਅਤੇ ਹਾਈ-ਕਵਾਲਿਟੀ ਵਿੱਚ ਡਾਊਨਲੋਡ ਕਰ ਸਕਦੇ ਹੋ: https://pixabay.com/users/takeactiononradon-18149510/

**ਲਿੰਕ ਅਤੇ ਸਰੋਤ**

ਹੈਲਥ ਕਨੇਡਾ ਰੇਡੌਨ ਐਕਸ਼ਨ ਗਾਈਡ: https://www.canada.ca/en/health-canada/services/health-risks-safety/radiation/radon/action-guides/provinces-territories.html

ਦਿ 100 ਟੈਸਟ ਕਿਟ ਚੈਲੇਂਜ ਵੈਬਪੇਜ: https://takeactiononradon.ca/100-radon-test-kit-challenge/

ਹੈਲਥ ਕਨੇਡਾ ਰੈਜ਼ੀਡੈਂਸ਼ੀਅਲ ਰੇਡੌਨ ਮਿਟੀਗੇਸ਼ਨ ਐਕਸ਼ਨ ਫਾਲੋ-ਅੱਪ ਸਟੱਡੀ: ਜਨਤਕ ਸੰਖੇਪ:
https://www.canada.ca/en/health-canada/services/publications/health-risks-safety/residential-radon-mitigation-actions-follow-up-study.html

ਰੇਡੌਨ ਰਿਡਕਸ਼ਨ ਸਵੀਪਸਟੇਕ 2022 ਰਿਪੋਰਟ:

Download the full report here.
Download the Infograph here.

You can find some multi-language resources here:

https://takeactiononradon.ca/resources/resources-for-stakeholders/

TAOR Bookmark English/Punjabi

TAOR-postcard (Punjabi)

This press release has been translated from English into the following languages:

- French
- Punjabi
- Arabic
- Tagalog
- Chinese

Find all press releases here.